# ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ
# (Santa Clara Valley Transportation Authority, VTA)
# ਟਾਈਟਲ VI

## ਸੰਸਥਾ ਦੀ ਵਚਨਬੱਧਤਾ

ਸੈਂਟਾ ਕਲੈਰਾ ਕਾਊਂਟੀ, ਜੋ ਕਿ ਸਿਲੀਕਾਨ ਵੈਲੀ ਦਾ ਦਿਲ ਹੈ, ਦੇਸ਼ ਵਿੱਚ ਸਭ ਤੋਂ ਵੱਧ ਕਾਢਕਾਰੀ, ਸਿਰਜਣਾਤਮਕ ਅਤੇ ਵੰਨ ਸੁਵੰਨੇ ਭਾਈਚਾਰਿਆਂ ਦਾ ਘਰ ਹੈ। 1.7 ਮਿਲੀਅਨ ਲੋਕਾਂ ਦੀ ਆਬਾਦੀ ਦੇ ਨਾਲ, ਕਾਊਂਟੀ ਦੇ ਅੱਧੇ ਤੋਂ ਵੱਧ ਵਸਨੀਕ ਘਰ ਵਿੱਚ ਅੰਗਰੇਜ਼ੀ ਦੇ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ ਜਦ ਕਿ ਇਸਦੀ ਤੁਲਨਾ ਵਿੱਚ ਉਹਨਾਂ ਹੀ ਜਨਅੰਕੜਿਆਂ ਵਿੱਚ ਯੂਨਾਈਟਡ ਸਟੇਟਸ ਦੀ 20% ਆਬਾਦੀ ਅੰਗਰੇਜ਼ੀ ਦੇ ਇਲਾਵਾ ਕੋਈ ਹੋਰ ਭਾਸ਼ਾ ਬੋਲਦੀ ਹੈ।

ਸਾਡੇ ਬਹੁ-ਸੱਭਿਆਚਾਰਕ ਗਾਹਕ ਆਧਾਰ ਕਾਰਨ, VTA ਪਹਿਲਕਦਮੀ ਕਰਕੇ ਇਹ ਯਕੀਨੀ ਬਣਾਉਣ ਦੁਆਰਾ ਆਪਣੇ ਮੌਕਿਆਂ ਅਤੇ ਜਿੰਮੇਵਾਰੀਆਂ ਨੂੰ ਪਛਾਣਦੀ ਹੈ ਕਿ ਸਾਡੀਆਂ ਨੀਤੀਆਂ, ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਅਦਾਇਗੀ ਸੰਚਾਰ ਦੇ ਅਜਿਹੇ ਔਜ਼ਾਰਾਂ ਅਤੇ ਪ੍ਰਕਿਰਿਆਵਾਂ ਰਾਹੀਂ ਕੀਤੀ ਜਾਂਦੀ ਹੈ ਜੋ ਸਭ ਨੂੰ ਸ਼ਾਮਲ ਕਰਨ ਵਾਲੇ ਅਤੇ ਅਸਰਦਾਰ ਹਨ। ਇਹਨਾਂ ਕਾਰਵਾਈਆਂ ਦੁਆਰਾ, ਅਸੀਂ ਇਹ ਨਿਸ਼ਚਿਤ ਕਰ ਸਕਦੇ ਹਾਂ ਕਿ ਕਿਸੇ ਵੀ ਵਿਅਕਤੀ ਨੂੰ, ਉਸਦੀ ਨਸਲ, ਰੰਗ ਜਾਂ ਕੌਮੀ ਮੂਲ ਕਰਕੇ ਸਾਡੀਆਂ ਆਵਾਜਾਈ ਸੇਵਾਵਾਂ, ਪ੍ਰੋਗਰਾਮਾਂ ਅਤੇ ਜਾਣਕਾਰੀ ਤੱਕ ਮਤਲਬ ਭਰਪੂਰ ਪਹੁੰਚ ਤੋਂ ਇਨਕਾਰ ਨਹੀਂ ਕੀਤਾ ਜਾਂਦਾ।

VTA, ਟਾਈਟਲ VI ਦੇ ਟੀਚੇ ਅਤੇ ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ (LEP) ਅਤੇ ਵਾਤਾਵਰਣਕ ਨਿਆਂ (Environmental Justice) ਬਾਰੇ ਇਸਦੇ ਕਾਰਜਕਾਰੀ ਆਦੇਸ਼ਾਂ (Executive Orders) ਦੀ ਹਮਾਇਤ ਕਰਦੀ ਹੈ ਤਾਂ ਜੋ ਘੱਟ ਆਮਦਨ ਵਾਲੇ ਲੋਕਾਂ, ਘੱਟ ਗਿਣਤੀਆਂ ਅਤੇ ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ ਵਾਲੇ ਲੋਕਾਂ ਨੂੰ ਇਸਦੀਆਂ ਸੇਵਾਵਾਂ, ਪ੍ਰੋਜੈਕਟਾਂ ਅਤੇ ਸਰਗਰਮੀਆਂ ਤੱਕ ਮਤਲਬ ਭਰਪੂਰ ਪਹੁੰਚ ਪ੍ਰਦਾਨ ਕਰਵਾਈ ਜਾ ਸਕੇ।

VTA, ਟਾਈਟਲ VI ਤਹਿਤ ਆਪਣੀਆਂ ਅਧਿਨਿਯਮਕ ਲੋੜਾਂ ਦੀ ਪੂਰਤੀ ਕਰਨ ਲਈ ਦ੍ਰਿੜਤਾ ਨਾਲ ਵਚਨਬੱਧ ਹੈ। ਸੰਸਥਾ ਦਾ ਗਠਨ ਇਸ ਤਰਾਂ ਕੀਤਾ ਗਿਆ ਹੈ ਤਾਂ ਜੋ ਨੀਤੀ ਵਿਕਾਸ ਵਿੱਚ ਭੁੱਲਚੁੱਕ ਅਤੇ ਇਸਦਾ ਪ੍ਰਬੰਧਨ, ਸਿਖਲਾਈ, ਅਧਿਨਿਯਮਕ ਤਾਮੀਲ, ਸਾਰੀਆਂ ਭੇਦਭਾਵ ਵਿਰੋਧੀਆਂ ਨੀਤੀਆਂ ਦੀ ਰਿਪੋਰਟ ਕਰਨ ਅਤੇ ਇਹਨਾਂ 'ਤੇ ਨਜ਼ਰ ਰੱਖਣ, ਜਿਸ ਅਨੁਸਾਰ ਇਹ ਟਾਈਟਲ VI ਅਤੇ LEP ਨਾਲ ਸਬੰਧਿਤ ਹਨ, ਨੂੰ ਇੱਕ ਵਿਭਾਗ ਵਿੱਚ ਕੇਂਦਰੀਕਿਰਤ ਕੀਤਾ ਜਾਵੇ; ਉਹ ਹੈ ਆਫਿਸ ਆਫ ਦਾ ਸਿਵਲ ਰਾਈਟਸ। ਸਾਡੇ ਟਾਈਟਲ VI ਪ੍ਰੋਗਰਾਮ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਸਤੇ, ਸੰਸਥਾ ਵਿਚਲੇ ਹਰੇਕ ਮੰਡਲ ਦੇ ਕਰਮਚਾਰੀ ਤਾਲਮੇਲ ਕਰਕੇ ਕੰਮ ਕਰਦੇ ਹਨ।

ਟਾਈਟਲ VI ਦੇ ਸਬੰਧ ਵਿੱਚ, VTA ਇਹ ਕਰੇਗੀ:

- ਇਹ ਯਕੀਨੀ ਬਣਾਵੇਗੀ ਕਿ ਆਵਾਜਾਈ ਸੇਵਾ ਦੇ ਪੱਧਰ ਅਤੇ ਗੁਣਵਤਾ ਨੂੰ ਨਸਲ, ਰੰਗ ਜਾਂ ਕੌਮੀ ਮੂਲ ਦੀ ਪਰਵਾਹ ਕੀਤੇ ਬਿਨਾਂ ਮੁਹੱਈਆ ਕੀਤਾ ਜਾਂਦਾ ਹੈ।
- ਘੱਟ ਗਿਣਤੀਆਂ ਅਤੇ ਘੱਟ ਆਮਦਨ ਵਾਲੀਆਂ ਆਬਾਦੀਆਂ ‘ਤੇ ਮਨੁੱਖੀ ਸੇਹਤ ਅਤੇ ਵਾਤਾਵਰਣ ਸਬੰਧੀ ਗੈਰ-ਅਨੁਪਾਤਕ ਤੌਰ ‘ਤੇ ਉੱਚੇ ਅਤੇ ਮਾੜੇ ਪ੍ਰਭਾਵਾਂ, ਜਿੰਨ੍ਹਾਂ ਵਿੱਚ ਪ੍ਰੋਗਰਾਮਾਂ ਅਤੇ ਸਰਗਰਮੀਆਂ ਦੇ ਸਮਾਜਕ ਅਤੇ ਆਰਥਿਕ ਪ੍ਰਭਾਵ ਵੀ ਸ਼ਾਮਲ ਹਨ, ਦੀ ਪਛਾਣ ਕਰੇਗੀ ਅਤੇ ਇਹਨਾਂ ਨੂੰ ਹੱਲ ਕਰੇਗੀ, ਜਿਵੇਂ ਵੀ ਢੁਕਵਾਂ ਹੋਇਆ।
- ਆਵਾਜਾਈ ਸਬੰਧੀ ਫੈਸਲੇ ਕਰਨ ਵਿੱਚ ਸਾਰੀਆਂ ਪ੍ਰਭਾਵਿਤ ਆਬਾਦੀਆਂ ਦੀ ਸੰਪੂਰਨ ਅਤੇ ਵਾਜਬ ਭਾਗੀਦਾਰੀ ਨੂੰ ਉਤਸ਼ਾਹਤ ਕਰੇਗੀ।
- ਉਹਨਾਂ ਪ੍ਰੋਗਰਾਮਾਂ ਅਤੇ ਸਰਗਰਮੀਆਂ ਨਾਲ ਸਬੰਧਿਤ ਲਾਭਾਂ ਤੋਂ ਇਨਕਾਰ ਕੀਤੇ ਜਾਣ, ਉਹਨਾਂ ਵਿੱਚ ਕਟੌਤੀ ਕੀਤੇ ਜਾਣ, ਜਾਂ ਦੇਰੀ ਕੀਤੇ ਜਾਣ ਨੂੰ ਰੋਕੇਗੀ ਜਿਨ੍ਹਾਂ ਦਾ ਫਾਇਦਾ ਘੱਟ ਗਿਣਤੀ ਆਬਾਦੀਆਂ ਜਾਂ ਘੱਟ ਆਮਦਨ ਵਾਲੀਆਂ ਆਬਾਦੀਆਂ ਨੂੰ ਹੁੰਦਾ ਹੈ।
- ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ ਵਾਲੇ ਵਿਅਕਤੀਆਂ ਦੀ ਪ੍ਰੋਗਰਾਮਾਂ ਅਤੇ ਸਰਗਰਮੀਆਂ ਤੱਕ ਮਤਲਬ ਭਰਪੂਰ ਪਹੁੰਚ ਨੂੰ ਯਕੀਨੀ ਬਣਾਵੇਗੀ।

## ਜਨਤਾ ਨੂੰ ਨੋਟਿਸ

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ VI ਅਤੇ ਇਸ ਨਾਲ ਸਬੰਧਿਤ ਸਾਰੇ ਵਿਧਾਨਾਂ ਦੀ ਸੰਪੂਰਨ ਤਾਮੀਲ ਦਾ ਯਕੀਨ ਦਿਵਾਉਣ ਲਈ ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ (Santa Clara Valley Transportation Authority , VTA) ਆਪਣੀ ਨੀਤੀ ਬਾਬਤ ਜਨਤਕ ਨੋਟਿਸ ਦਿੰਦੀ ਹੈ। ਟਾਈਟਲ VI ਇਹ ਲੋੜਦਾ ਹੈ ਕਿ ਯੂਨਾਈਟਡ ਸਟੇਟਸ ਵਿੱਚ ਕਿਸੇ ਵੀ ਵਿਅਕਤੀ ਨੂੰ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ ‘ਤੇ ਕਿਸੇ ਵੀ VTA ਪ੍ਰੋਗਰਾਮ ਜਾਂ ਕਿਰਿਆ ਵਿੱਚ ਭਾਗ ਲੈਣ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ, ਉਸਨੂੰ ਇਸਦੇ ਲਾਭਾਂ ਤੋਂ ਵੰਚਿਤ ਨਹੀਂ ਕੀਤਾ ਜਾਵੇਗਾ ਜਾਂ ਉਸ ਨਾਲ ਕਿਸੇ ਹੋਰ ਤਰਾਂ ਦਾ ਭੇਦਭਾਵ ਨਹੀਂ ਕੀਤਾ ਜਾਵੇਗਾ।

VTA ਦੀਆਂ ਟਾਈਟਲ VI ਅਤੇ ਹੋਰ ਭੇਦਭਾਵ ਵਿਰੋਧੀ ਜਿੰਮੇਵਾਰੀਆਂ ਬਾਰੇ ਵਧੀਕ ਜਾਣਕਾਰੀ ਦੀ ਬੇਨਤੀ ਕਰਨ ਲਈ ਜਾਂ VTA ਦੀਆਂ ਆਵਾਜਾਈ ਸੇਵਾਵਾਂ, ਪ੍ਰੋਜੈਕਟਾਂ ਅਤੇ ਅਧਿਐਨਾਂ ਬਾਰੇ ਪੁੱਛਗਿੱਛ ਕਰਨ ਲਈ ਕਿਰਪਾ ਕਰਕੇ ਗਾਹਕ ਸੇਵਾ ਕੇਂਦਰ ਨੂੰ (408)321-2300/(408)321-2330 TTY ‘ਤੇ ਕਾਲ ਕਰੋ ਜਾਂ ਫਿਰ ਇਸ ਪਤੇ ‘ਤੇ ਈਮੇਲ ਕਰੋ: customer.service@vta.org. ਦਸਤਾਵੇਜ਼ਾਂ ਨੂੰ ਅੰਗਰੇਜ਼ੀ ਤੋਂ ਬਿਨਾਂ ਹੋਰ ਭਾਸ਼ਾਵਾਂ ਵਿੱਚ ਜਾਂ ਹੋਰ ਵੰਨਗੀਆਂ ਵਿੱਚ ਮੁਹੱਈਆ ਕੀਤਾ ਜਾ ਸਕਦਾ ਹੈ ਜੋ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਪਹੁੰਚਣਯੋਗ ਹੋਣ।

ਕੋਈ ਵੀ ਵਿਅਕਤੀ ਜੋ ਵਿਸ਼ਵਾਸ਼ ਕਰਦਾ ਹੈ ਕਿ ਉਸਨੂੰ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ ‘ਤੇ ਕਿਸੇ ਵੀ VTA ਸੇਵਾ, ਪ੍ਰੋਗਰਾਮ ਜਾਂ ਕਿਰਿਆ ਵਿੱਚ ਭਾਗ ਲੈਣ ਤੋਂ ਬਾਹਰ ਰੱਖਿਆ ਗਿਆ ਹੈ, ਇਸਦੇ ਲਾਭਾਂ ਤੋਂ ਵੰਚਿਤ ਕੀਤਾ ਗਿਆ ਹੈ ਜਾਂ ਇਹਨਾਂ ਅਧੀਨ ਉਸ ਨਾਲ ਕਿਸੇ ਹੋਰ ਤਰਾਂ ਨਾਲ ਭੇਦਭਾਵ ਕੀਤਾ ਗਿਆ ਹੈ, ਅਤੇ ਉਸਦਾ ਵਿਸ਼ਵਾਸ਼ ਹੈ ਕਿ ਇਹ ਭੇਦਭਾਵ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ ‘ਤੇ ਹੈ ਤਾਂ ਉਹ ਇੱਕ ਰਸਮੀ ਸ਼ਿਕਾਇਤ ਦਾਇਰ ਕਰ ਸਕਦਾ ਹੈ। ਇਹ ਭੇਦਭਾਵ ਵਿਰੋਧੀ ਸੁਰੱਖਿਆ, VTA ਦੇ ਤੀਜੀ ਧਿਰ ਦੇ ਠੇਕੇਦਾਰਾਂ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ ਤੱਕ ਵੀ ਜਾਂਦੀ ਹੈ।

VTA ਜਾਂ ਇਸਦੇ ਤੀਜੀ ਧਿਰ ਦੇ ਠੇਕੇਦਾਰਾਂ ਖਿਲਾਫ ਸ਼ਿਕਾਇਤਾਂ ਨੂੰ ਟਾਈਟਲ VI ਸ਼ਿਕਾਇਤ ਫਾਰਮ (ਹੇਠਾਂ ਦਿੱਤਾ ਗਿਆ ਹੈ) ਦੀ ਵਰਤੋਂ ਕਰਕੇ ਲਿਖਤੀ ਰੂਪ ਵਿੱਚ ਜਾਂ (408) 321-5571 ‘ਤੇ ਕਾਲ ਕਰਕੇ ਦਾਇਰ ਕੀਤਾ ਜਾ ਸਕਦਾ ਹੈ। ਭਰੇ ਹੋਏ ਅਤੇ ਦਸਤਖਤ ਕੀਤੇ ਫਾਰਮਾਂ ਨੂੰ ਇਸ ਪਤੇ ‘ਤੇ ਭੇਜਿਆ ਜਾ ਸਕਦਾ ਹੈ:

Title VI Coordinator
Office of Civil Rights
Santa Clara Valley Transportation Authority
3331 North First Street, B-1
San Jose CA 95134

ਜੇ ਤੁਸੀਂ ਲਿਖਤੀ ਰੂਪ ਵਿੱਚ ਸ਼ਿਕਾਇਤ ਦਾਇਰ ਕਰਨ ਦੇ ਅਯੋਗ ਹੋ ਤਾਂ ਤੁਹਾਡੀ ਜ਼ਬਾਨੀ ਸ਼ਿਕਾਇਤ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਇਸਨੂੰ ਟਾਈਟਲ VI ਕੋਆਰਡੀਨੇਟਰ ਦੁਆਰਾ ਲਿਖਤੀ ਰੂਪ ਦਿੱਤਾ ਜਾਵੇਗਾ। ਜ਼ਬਾਨੀ ਸ਼ਿਕਾਇਤ ਕਰਨ ਲਈ (408)321-5571 'ਤੇ ਕਾਲ ਕਰੋ। ਸ਼ਿਕਾਇਤਾਂ ਨੂੰ ਕਥਿਤ ਭੇਦਭਾਵ ਦੇ ਕਾਰਜ (ਜਾਂ ਤਾਜ਼ੇ ਵਰਤਾਰੇ) ਤੋਂ ਲੈਕੇ 180 ਦਿਨਾਂ ਅੰਦਰ ਲਾਜ਼ਮੀ ਤੌਰ 'ਤੇ ਸੌਂਪਿਆ ਜਾਣਾ ਚਾਹੀਦਾ ਹੈ।

ਸ਼ਿਕਾਇਤਾਂ ਨੂੰ ਸਿੱਧੇ ਰੂਪ ਵਿੱਚ ਈਕਵਿਲ ਇਮਪਲਾਇਮੈਂਟ ਅਪਰਚਿਊਨਟੀ ਕਮਿਸ਼ਨ (Equal Employment Opportunity Commission, EEOC) www.eeoc.gov; ਫੈਡਰਲ ਟਰਾਂਜਿਟ ਐਡਮਿਨਿਸਟਰੇਸ਼ਨ (Federal Transit Administration, FTA) www.fta.dot.gov; ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ (Department of Fair Employment and Housing, DFEH) www.dfeh.ca.gov ਕੋਲ ਸਿੱਧੇ ਰੂਪ ਵਿੱਚ ਵੀ ਦਾਇਰ ਕੀਤਾ ਜਾ ਸਕਦਾ ਹੈ। ਟਾਈਟਲ VI ਸ਼ਿਕਾਇਤਾਂ ਦਾਇਰ ਕਰਨ ਸਬੰਧੀ ਵੇਰਵਿਆਂ ਵਾਸਤੇ ਕਿਰਪਾ ਕਰਕੇ ਸਬੰਧਿਤ ਅਦਾਰੇ ਦੀਆਂ ਵੈੱਬਸਾਈਟਾਂ 'ਤੇ ਜਾਣਕਾਰੀ ਦੀ ਸਮੀਖਿਆ ਕਰੋ।

## ਸ਼ਿਕਾਇਤ ਪ੍ਰਕਿਰਿਆ

ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ (Santa Clara Valley Transportation Authority , VTA) ਸਾਰੇ ਨਾਗਰਿਕਾਂ ਨੂੰ ਆਪਣੀਆਂ ਸਾਰੀਆਂ ਆਵਾਜਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਦਿੰਦੀ ਹੈ। VTA ਦੀ ਇਹ ਵੀ ਇੱਛਾ ਹੈ ਕਿ ਸਾਰੇ ਨਾਗਰਿਕਾਂ ਨੂੰ ਅਜਿਹੀ ਪਹੁੰਚ ਦੇ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਹੋਵੇ। ਇਹ ਸਾਈਟ ਨਾਗਰਿਕਾਂ ਵਾਸਤੇ ਇੱਕ ਵਿੱਦਿਅਕ ਔਜ਼ਾਰ ਵਜੋਂ ਕਾਰਜ ਕਰਨ ਲਈ ਵਿਉਂਤੀ ਗਈ ਹੈ ਤਾਂ ਜੋ ਉਹ ਸਿਵਲ ਅਧਿਕਾਰਾਂ ਦੇ ਕਾਨੂੰਨਾਂ ਵਿੱਚੋਂ ਇੱਕ ਅਜਿਹੇ ਕਾਨੂੰਨ ਨੂੰ ਸਮਝ ਸਕਣ ਜੋ VTA ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੋਂ ਮਿਲਣ ਵਾਲੇ ਉਹਨਾਂ ਦੇ ਲਾਭ ਦੀ ਰੱਖਿਆ ਕਰਦਾ ਹੈ, ਵਿਸ਼ੇਸ਼ ਤੌਰ 'ਤੇ ਇਸ ਕਰਕੇ ਕਿਉਂਕਿ ਇਹ 1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ VI ਨਾਲ ਸਬੰਧਿਤ ਹੈ।

### ਟਾਈਟਲ VI ਕੀ ਹੈ?

ਟਾਈਟਲ VI, 1964 ਦੇ ਸਿਵਲ ਰਾਈਟਸ ਐਕਟ ਦਾ ਇੱਕ ਸ਼ੈਕਸ਼ਨ ਹੈ ਜੋ ਇਹ ਲੋੜਦਾ ਹੈ ਕਿ "ਯੂਨਾਈਟਡ ਸਟੇਟਸ ਵਿੱਚ ਕਿਸੇ ਵੀ ਵਿਅਕਤੀ ਨੂੰ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ 'ਤੇ ਸੰਘੀ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸੇ ਵੀ ਪ੍ਰੋਗਰਾਮ ਜਾਂ ਕਿਰਿਆ ਵਿੱਚ ਭਾਗ ਲੈਣ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ, ਉਸਨੂੰ ਇਸਦੇ ਲਾਭਾਂ ਤੋਂ ਵੰਚਿਤ ਨਹੀਂ ਕੀਤਾ ਜਾਵੇਗਾ ਜਾਂ ਇਹਨਾਂ ਅਧੀਨ ਉਸ ਨਾਲ ਭੇਦਭਾਵ ਨਹੀਂ ਕੀਤਾ ਜਾਵੇਗਾ।" ਨੋਟ ਕਰੋ ਕਿ ਟਾਈਟਲ VI ਲਿੰਗ ਦੇ ਆਧਾਰ 'ਤੇ ਭੇਦਭਾਵ ਨਾਲ ਨਹੀਂ ਨਿਪਟਦਾ। ਇਸਦੇ ਅਧੀਨ ਕੇਵਲ ਨਸਲ, ਰੰਗ ਅਤੇ ਕੌਮੀ ਮੂਲ ਦੇ ਮੁੱਦੇ ਆਉਂਦੇ ਹਨ। ਹੋਰ ਨਾਗਰਿਕ ਅਧਿਕਾਰ ਕਾਨੂੰਨ ਲਿੰਗ ਦੇ ਆਧਾਰ 'ਤੇ ਭੇਦਭਾਵ ਦੀ ਮਨਾਹੀ ਕਰਦੇ ਹਨ।

### ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ ਵਾਲੇ ਵਿਅਕਤੀ ਕੌਣ ਹਨ?

ਉਹ ਵਿਅਕਤੀ ਜੋ ਅੰਗਰੇਜ਼ੀ ਨੂੰ ਆਪਣੀ ਮੁੱਖ ਭਾਸ਼ਾ ਦੇ ਤੌਰ 'ਤੇ ਨਹੀਂ ਬੋਲਦੇ ਅਤੇ ਜਿੰਨ੍ਹਾਂ ਦੀ ਅੰਗਰੇਜ਼ੀ ਪੜ੍ਹਨ, ਬੋਲਣ, ਲਿਖਣ ਜਾਂ ਸਮਝਣ ਦੀ ਸਮਰੱਥਾ ਸੀਮਤ ਹੁੰਦੀ ਹੈ, ਉਹ ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ ਵਾਲੇ (limited English proficient) ਜਾਂ "LEP" ਹੋ ਸਕਦੇ ਹਨ। ਇਹਨਾਂ ਵਿਅਕਤੀਆਂ ਨੂੰ ਕਿਸੇ ਵਿਸ਼ੇਸ਼ ਕਿਸਮ ਦੀ ਸੇਵਾ, ਲਾਭ ਜਾਂ ਮੁਕਾਬਲੇ ਦੇ ਸਬੰਧ ਵਿੱਚ ਭਾਸ਼ਾ ਵਿੱਚ ਸਹਾਇਤਾ ਦਾ ਹੱਕ ਮਿਲ ਸਕਦਾ ਹੈ।

ਕਿਸੇ ਵਿਅਕਤੀ ਦੀ ਅੰਗਰੇਜ਼ੀ ਬੋਲਣ, ਪੜ੍ਹਨ, ਲਿਖਣ ਜਾਂ ਸਮਝਣ ਦੀ ਅਸਮਰੱਥਾ 'ਤੇ ਆਧਾਰਿਤ ਵੱਖਰਾ ਵਿਵਹਾਰ, ਕੌਮੀ ਮੂਲ ਦੇ ਆਧਾਰ 'ਤੇ ਭੇਦਭਾਵ ਦੀ ਕਿਸਮ ਹੋ ਸਕਦਾ ਹੈ।

## ਮੈਂ ਸ਼ਿਕਾਇਤ ਕਿਵੇ ਦਾਇਰ ਕਰਾਂ?

ਜੇ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਤੁਹਾਨੂੰ ਤੁਹਾਡੀ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ 'ਤੇ VTA ਕੋਲੋਂ ਭੇਦਭਾਵ ਭਰਿਆ ਵਿਵਹਾਰ ਪ੍ਰਾਪਤ ਹੋਇਆ ਹੈ ਤਾਂ ਤੁਹਾਨੂੰ VTA ਟਾਈਟਲ VI ਕੋਆਰਡੀਨੇਟਰ ਕੋਲ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਹੈ। ਸ਼ਿਕਾਇਤ ਨੂੰ ਲਾਜ਼ਮੀ ਤੌਰ 'ਤੇ ਕਥਿਤ ਭੇਦਭਾਵ ਦੀ ਘਟਨਾ ਤੋਂ ਲੈਕੇ 180 ਕੈਲੰਡਰ ਦਿਨਾਂ ਵਿਚਕਾਰ ਦਾਇਰ ਕੀਤਾ ਜਾਣਾ ਚਾਹੀਦਾ ਹੈ।

## ਸ਼ਿਕਾਇਤ ਦਾਇਰ ਕਰਨ ਦੀਆਂ ਵਿਧੀਆਂ

ਤਰਜੀਹੀ ਵਿਧੀ ਹੈ ਆਪਣੀ ਸ਼ਿਕਾਇਤ ਨੂੰ ਟਾਈਟਲ VI ਸ਼ਿਕਾਇਤ ਫਾਰਮ ਦੀ ਵਰਤੋਂ ਕਰਕੇ ਲਿਖਤੀ ਰੂਪ ਵਿੱਚ ਦਾਇਰ ਕਰਨਾ ਅਤੇ ਇਸ ਪਤੇ 'ਤੇ ਭੇਜਣਾ:

Title VI Coordinator
Office of Civil Rights
Santa Clara Valley Transportation Authority
3331 North First Street, B1
San Jose, CA 95134

ਜ਼ਬਾਨੀ ਸ਼ਿਕਾਇਤਾਂ ਸਵੀਕਾਰ ਕੀਤੀਆਂ ਜਾਣਗੀਆਂ ਅਤੇ ਇਹਨਾਂ ਨੂੰ ਟਾਈਟਲ VI ਕੋਆਰਡੀਨੇਟਰ ਦੁਆਰਾ ਲਿਖਤੀ ਰੂਪ ਦਿੱਤਾ ਜਾਵੇਗਾ। ਜ਼ਬਾਨੀ ਸ਼ਿਕਾਇਤ ਕਰਨ ਲਈ (408) 321-5571 'ਤੇ ਕਾਲ ਕਰੋ ਅਤੇ ਟਾਈਟਲ VI ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹੋ। ਸ਼ਿਕਾਇਤਾਂ ਨੂੰ ਬਾਹਰੀ ਅਦਾਰਿਆਂ ਕੋਲ ਵੀ ਦਾਇਰ ਕੀਤਾ ਜਾ ਸਕਦਾ ਹੈ ਜਿਵੇਂ ਕਿ ਈਕਵਿਲ ਇਮਪਲਾਇਮੈਂਟ ਅਪਰਚਿਊਨਟੀ ਕਮਿਸ਼ਨ (Equal Employment Opportunity Commission, EEOC) www.eeoc.gov; ਫੈਡਰਲ ਟਰਾਂਜਿਟ ਐਡਮਿਨਿਸਟਰੇਸ਼ਨ (Federal Transit Administration , FTA) www.fta.dot.gov; ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ (Department of Fair Employment and Housing, DFEH) www.dfeh.ca.gov. ਟਾਈਟਲ VI ਸ਼ਿਕਾਇਤਾਂ ਦਾਇਰ ਕਰਨ ਬਾਰੇ ਵੇਰਵੇ ਵਾਸਤੇ ਕਿਰਪਾ ਕਰਕੇ ਸਬੰਧਿਤ ਅਦਾਰੇ ਦੀਆਂ ਵੈੱਬਸਾਈਟਾਂ 'ਤੇ ਦਿੱਤੀ ਜਾਣਕਾਰੀ ਦੀ ਸਮੀਖਿਆ ਕਰੋ।

ਜੇਕਰ ਕੋਈ ਸ਼ਿਕਾਇਤ ਇੱਕੋ ਸਮੇਂ 'ਤੇ VTA ਕੋਲ ਵੀ ਦਾਇਰ ਕੀਤੀ ਜਾਂਦੀ ਹੈ ਅਤੇ ਕਿਸੇ ਬਾਹਰੀ ਸੰਸਥਾ ਕੋਲ ਵੀ ਤਾਂ ਬਾਹਰੀ ਸ਼ਿਕਾਇਤ, VTA ਸ਼ਿਕਾਇਤ ਨੂੰ ਮਨਸੂਖ ਕਰ ਦੇਵੇਗੀ ਅਤੇ VTA ਦੀਆਂ ਸ਼ਿਕਾਇਤ ਪ੍ਰਕਿਰਿਆਵਾਂ ਨੂੰ ਬਾਹਰੀ ਸੰਸਥਾ ਦੇ ਨਤੀਜੇ ਪ੍ਰਾਪਤ ਹੋਣ ਤੱਕ ਮੁਲਤਵੀ ਕਰ ਦਿੱਤਾ ਜਾਵੇਗਾ।

**ਪੜਤਾਲਾਂ**

ਰਸਮੀ ਸ਼ਿਕਾਇਤ ਮਿਲਣ ਦੇ 10 ਕੰਮਕਾਜੀ ਦਿਨਾਂ ਅੰਦਰ, ਟਾਈਟਲ VI ਕੋਆਰਡੀਨੇਟਰ ਸ਼ਿਕਾਇਤ ਕਰਤਾ ਨੂੰ ਸੂਚਿਤ ਕਰੇਗਾ ਅਤੇ ਇੱਕ ਜਾਂਚ ਸ਼ੁਰੂ ਕਰੇਗਾ (ਜਦ ਤੱਕ ਸ਼ਿਕਾਇਤ ਨੂੰ ਪਹਿਲਾਂ ਜਾਂ ਉਸੇ ਸਮੇਂ ਕਿਸੇ ਬਾਹਰੀ ਸੰਸਥਾ ਕੋਲ ਦਾਇਰ ਨਾ ਕੀਤਾ ਗਿਆ ਹੋਵੇ)।

ਜਾਂਚਾਂ ਕਿਸੇ ਵੀ VTA ਵਿਭਾਗ(ਗਾਂ) ਖਿਲਾਫ ਸ਼ਿਕਾਇਤਾਂ ਦਾ ਨਿਪਟਾਰਾ ਕਰਨਗੀਆਂ। ਜਾਂਚ ਨੂੰ ਇਮਪਲੋਈ ਰਿਲੇਸ਼ਨਜ ਡਿਪਾਰਟਮੈਂਟ ਦੇ ਨਾਲ ਮਿਲਕੇ ਅਤੇ ਉਹਨਾਂ ਦੀ ਸਲਾਹ ਤਹਿਤ ਕੀਤਾ ਜਾਵੇਗਾ।

ਸਮੱਸਿਆ ਦਾ ਪਤਾ ਲਗਾਉਣ ਲਈ ਜਾਂਚ ਵਿੱਚ ਸਾਰੀਆਂ ਪ੍ਰਭਾਵਿਤ ਧਿਰਾਂ ਨਾਲ ਸ਼ਿਕਾਇਤ ਬਾਰੇ ਵਿਚਾਰ ਵਟਾਂਦਰਾ(ਰੇ) ਸ਼ਾਮਲ ਹੋ ਸਕਦਾ ਹੈ। ਸ਼ਿਕਾਇਤ ਕਰਤਾ ਦੀ ਪ੍ਰਤੀਨਿਧਤਾ ਕਿਸੇ ਅਟਾਰਨੀ ਦੁਆਰਾ ਜਾਂ ਉਸਦੀ ਪਸੰਦ ਦੇ ਕਿਸੇ ਹੋਰ ਪ੍ਰਤੀਨਿਧ ਦੁਆਰਾ ਕੀਤੀ ਜਾ ਸਕਦੀ ਹੈ ਅਤੇ ਉਹ ਜਾਂਚ ਦੇ ਚਲਨ ਦੌਰਾਨ ਗਵਾਹਾਂ ਨੂੰ ਲਿਆ ਸਕਦਾ/ਦੀ ਹੈ ਅਤੇ ਗਵਾਹੀ ਅਤੇ ਸਬੂਤ ਪੇਸ਼ ਕਰ ਸਕਦਾ/ਦੀ ਹੈ।

ਜਾਂਚ ਕੀਤੀ ਜਾਵੇਗੀ ਅਤੇ ਰਸਮੀ ਸ਼ਿਕਾਇਤ ਮਿਲਣ ਦੇ 60 ਦਿਨਾਂ ਅੰਦਰ ਇਸਨੂੰ ਪੂਰਾ ਕੀਤਾ ਜਾਵੇਗਾ।

ਪ੍ਰਾਪਤ ਕੀਤੀ ਸਾਰੀ ਜਾਣਕਾਰੀ ਦੇ ਅਧਾਰ 'ਤੇ, ਟਾਈਟਲ VI ਕੋਆਰਡੀਨੇਟਰ ਦੁਆਰਾ ਚੀਫ ਐਡਮਿਨਿਸਟਰੇਟਿਵ ਆਫੀਸਰ ਨੂੰ ਸੌਂਪਣ ਵਾਸਤੇ ਇੱਕ ਜਾਂਚ ਰਿਪੋਰਟ ਲਿਖੀ ਜਾਵੇਗੀ।

ਸ਼ਿਕਾਇਤ ਕਰਤਾ ਨੂੰ ਇੱਕ ਪੱਤਰ ਪ੍ਰਾਪਤ ਹੋਵੇਗਾ ਜਿਸ ਵਿੱਚ ਇਹ ਦੱਸਿਆ ਜਾਵੇਗਾ ਕਿ ਅੰਤਿਮ ਫੈਸਲਾ 60 ਦਿਨਾਂ ਦੀ ਸਮਾਂ ਸੀਮਾ ਦੇ ਸਮਾਪਤ ਹੋਣ ਤੱਕ ਆਵੇਗਾ। ਜ਼ਿਆਦਾਤਰ ਜਾਂਚਾਂ ਨੂੰ 30 ਦਿਨਾਂ ਵਿੱਚ ਪੂਰਾ ਕਰ ਲਿਆ ਜਾਂਦਾ ਹੈ।

ਸ਼ਿਕਾਇਤ ਕਰਤਾ ਨੂੰ ਇਸ ਫੈਸਲੇ ਖਿਲਾਫ ਉਸਦੇ ਅਪੀਲ ਕਰਨ ਦੇ ਅਧਿਕਾਰ ਬਾਰੇ ਸੂਚਿਤ ਕੀਤਾ ਜਾਵੇਗਾ। ਅਪੀਲਾਂ ਫੈਡਰਲ ਟਰਾਂਜਿਟ ਐਡਮਿਨਿਸਟਰੇਸ਼ਨ, ਈਕਵਿਲ ਇਮਪਲਾਇਮੈਂਟ ਅਪਰਚਿਊਨਟੀ ਕਮਿਸ਼ਨ, ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ ਕੋਲ ਕੀਤੀਆਂ ਜਾ ਸਕਦੀਆਂ ਹਨ।

**ਟਾਈਟਲ VI ਸ਼ਿਕਾਇਤ ਫਾਰਮ**

ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ (VTA)

ਆਫਿਸ ਆਫ ਸਿਵਲ ਰਾਈਟਸ

Santa Clara Valley Transportation Authority (VTA) ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕਿਸੇ ਵੀ ਵਿਅਕਤੀ ਨੂੰ ਨਸਲ, ਰੰਗ ਜਾਂ ਕੌਮੀ ਮੂਲ ਦੇ ਆਧਾਰ 'ਤੇ ਇਸਦੀਆਂ ਸੇਵਾਵਾਂ ਵਿੱਚ ਭਾਗ ਲੈਣ ਤੋਂ ਮਨ੍ਹਾ ਨਹੀਂ ਕੀਤਾ ਜਾਂਦਾ ਟਾਈਟਲ VI ਦੇ ਜਾਂ ਇਸਦੀਆਂ ਸੇਵਾਵਾਂ ਦੇ ਲਾਭਾਂ ਤੋਂ ਇਨਕਾਰ ਨਹੀਂ ਕੀਤਾ ਜਾਂਦਾ ਜਿਵੇਂ ਕਿ 1964 ਦੇ ਸਿਵਲ ਰਾਈਟਸ ਐਕਟ ਦੇ ਸੋਧੇ ਰੂਪ ਦੁਆਰਾ ਵਿਵਸਥਾ ਕੀਤੀ ਗਈ ਹੈ। ਟਾਈਟਲ VI ਸਬੰਧੀ ਸ਼ਿਕਾਇਤਾਂ ਨੂੰ ਲਾਜ਼ਮੀ ਤੌਰ 'ਤੇ ਕਥਿਤ ਭੇਦਭਾਵ ਦੀ ਤਾਰੀਖ ਤੋਂ ਲੈਕੇ 180 ਦਿਨਾਂ ਅੰਦਰ ਦਾਇਰ ਕੀਤਾ ਜਾਣਾ ਚਾਹੀਦਾ ਹੈ।

ਤੁਹਾਡੀ ਸ਼ਿਕਾਇਤ ਉੱਤੇ ਕਾਰਵਾਈ ਕਰਨ ਵਿੱਚ ਸਾਡੀ ਸਹਾਇਤਾ ਕਰਨ ਲਈ ਹੇਠਾਂ ਦਿੱਤੀ ਜਾਣਕਾਰੀ ਜਰੂਰੀ ਹੈ। ਜੇ ਇਸ ਫਾਰਮ ਨੂੰ ਭਰਨ ਵਿੱਚ ਤੁਹਾਨੂੰ ਕੋਈ ਸਹਾਇਤਾ ਚਾਹੀਦੀ ਹੈ ਤਾਂ, ਕਿਰਪਾ ਕਰਕੇ ਟਾਈਟਲ VI ਕੋਆਰਡੀਨੇਟਰ ਨੂੰ (408) 321-5571 'ਤੇ ਕਾਲ ਕਰਕੇ ਸੰਪਰਕ ਕਰੋ। ਭਰਿਆ ਹੋਇਆ ਫਾਰਮ ਲਾਜ਼ਮੀ ਤੌਰ 'ਤੇ ਇਸ ਪਤੇ 'ਤੇ ਭੇਜਿਆ ਜਾਵੇ: VTA Office of Civil Rights, Title VI Coordinator, 3331 North First Street, Building B-1, San Jose, CA 95134.

| | |
|---|---|
| ਤੁਹਾਡਾ ਨਾਮ | ਫ਼ੋਨ: |
| ਸਟਰੀਟ ਦਾ ਪਤਾ | ਵਿਕਲਪਕ ਫ਼ੋਨ: |
| | ਸ਼ਹਿਰ, ਪ੍ਰਾਂਤ, ਅਤੇ ਜ਼ਿਪ ਕੋਡ: |
| ਉਹ ਵਿਅਕਤੀ ਜਿਸ (ਜਿੰਨ੍ਹਾਂ) ਦੇ ਨਾਲ ਭੇਦਭਾਵ ਕੀਤਾ ਗਿਆ (ਜੇਕਰ ਸ਼ਿਕਾਇਤ ਕਰਤਾ ਤੋਂ ਬਿਨਾਂ ਕੋਈ ਹੋਰ ਹੈ):<br><br>ਨਾਮ: | |
| ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਅਤੇ ਜ਼ਿਪ ਕੋਡ: | |

ਹੇਠ ਲਿਖਿਆਂ ਵਿੱਚੋਂ ਕਿਹੜੀ ਚੀਜ਼ ਕਥਿਤ ਭੇਦਭਾਵ ਵਾਸਤੇ ਕਾਰਨ ਦਾ ਸਭ ਤੋਂ ਵਧੀਆ ਵਰਣਨ ਕਰਦੀ ਹੈ? (ਜੋ ਵੀ ਲਾਗੂ ਹੁੰਦਾ ਹੈ ਉਸਤੇ ਚੱਕਰ ਲਗਾਓ)

- ਨਸਲ
- ਰੰਗ
- ਕੌਮੀ ਮੂਲ (ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨਤਾ)

ਘਟਨਾ ਦੀ ਤਾਰੀਖ: ______________________

**ਟਾਈਟਲ VI ਸ਼ਿਕਾਇਤ ਫਾਰਮ**

ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ (VTA)

ਆਫਿਸ ਆਫ ਸਿਵਲ ਰਾਈਟਸ

ਕਿਰਪਾ ਕਰਕੇ ਕਥਿਤ ਭੇਦਭਾਵ ਵਾਲੀ ਘਟਨਾ ਦਾ ਵਰਣਨ ਕਰੋ। ਜੇਕਰ ਉਪਲਬਧ ਹੋਣ, ਤਾਂ VTA ਦੇ ਸਾਰੇ ਸ਼ਾਮਲ ਕਰਮਚਾਰੀਆਂ ਦੇ ਨਾਮ ਅਤੇ ਸਿਰਲੇਖ ਮੁਹੱਈਆ ਕਰੋ। ਵਰਣਨ ਕਰੋ ਕਿ ਕੀ ਹੋਇਆ ਸੀ ਅਤੇ ਤੁਹਾਡੇ ਵਿਸ਼ਵਾਸ਼ ਅਨੁਸਾਰ ਕੌਣ ਜਿੰਮੇਵਾਰ ਸੀ। ਜੇ ਵਧੇਰੇ ਜਗਹ ਦੀ ਲੋੜ ਹੈ, ਤਾਂ ਕਿਰਪਾ ਕਰਕੇ ਇਸ ਫਾਰਮ ਦੇ ਪਿਛਲੇ ਪਾਸੇ ਦੀ ਵਰਤੋ ਕਰੋ।

____________________________________________________________________________

____________________________________________________________________________

____________________________________________________________________________

____________________________________________________________________________

____________________________________________________________________________

____________________________________________________________________________

____________________________________________________________________________

____________________________________________________________________________

____________________________________________________________________________

ਕੀ ਤੁਸੀਂ ਕਿਸੇ ਹੋਰ ਸੰਘੀ, ਪ੍ਰਾਂਤਕ ਜਾਂ ਸਥਾਨਕ ਅਦਾਰਿਆਂ ਕੋਲ ਸ਼ਿਕਾਇਤ ਦਰਜ ਕਰਵਾਈ ਹੈ? (ਕਿਸੇ ਇੱਕ 'ਤੇ ਚੱਕਰ ਲਗਾਓ)

ਹਾਂ/ਨਹੀਂ। ਜੇ ਹਾਂ ਤਾਂ, ਏਜੰਸੀ/ਏਜੰਸੀਆਂ ਦੀ ਸੂਚੀ ਅਤੇ ਸੰਪਰਕ ਜਾਣਕਾਰੀ ਹੇਠਾਂ ਦਿਓ:

| | |
|---|---|
| ਏਜੰਸੀ: | ਸੰਪਰਕ ਕੀਤੇ ਜਾਣ ਵਾਲੇ ਵਿਅਕਤੀ ਦਾ ਨਾਮ: |
| ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਅਤੇ ਜ਼ਿਪ ਕੋਡ: | ਫ਼ੋਨ: |
| ਏਜੰਸੀ: | ਸੰਪਰਕ ਕੀਤੇ ਜਾਣ ਵਾਲੇ ਵਿਅਕਤੀ ਦਾ ਨਾਮ: |
| ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਅਤੇ ਜ਼ਿਪ ਕੋਡ: | ਫ਼ੋਨ: |

ਮੈਂ ਇਹ ਪੁਸ਼ਟੀ ਕਰਦਾ/ਦੀ ਹਾਂ ਕਿ ਮੈਂ ਉੱਪਰ ਦੱਸੇ ਦੋਸ਼ ਨੂੰ ਪੜ੍ਹ ਲਿਆ ਹੈ ਅਤੇ ਇਹ ਕਿ ਇਹ ਮੇਰੇ ਗਿਆਨ, ਜਾਣਕਾਰੀ ਅਤੇ ਵਿਸ਼ਵਾਸ਼ ਅਨੁਸਾਰ ਸੱਚਾ ਹੈ।

| | |
|---|---|
| ਸ਼ਿਕਾਇਤ ਕਰਤਾ ਦੇ ਦਸਤਖਤ: | ਤਾਰੀਖ: |

ਸ਼ਿਕਾਇਤ ਕਰਤਾ ਦਾ ਨਾਮ ਵੱਡੇ ਅੱਖਰਾਂ ਵਿੱਚ ਲਿਖੋ ਜਾਂ ਟਾਈਪ ਕਰੋ

VTA Office Use Only:

Date Received: ____________________________

Received By: ______________________________

# ਕਮਿਊਨਿਟੀ ਆਊਟਰੀਚ ਐਂਡ ਟਾਈਟਲ VI/LEP ਸੰਪਰਕ ਸੂਚੀ

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ VI ਦੀ ਤਾਮੀਲ ਕਰਨ ਲਈ, VTA ਸਾਰੇ ਵਿਅਕਤੀਆਂ ਨੂੰ ਆਪਣੀਆਂ ਸਾਰੀਆਂ ਆਵਾਜਾਈ ਸੇਵਾਵਾਂ ਅਤੇ ਜਾਣਕਾਰੀ ਤੱਕ ਭੇਦਭਾਵ ਰਹਿਤ ਅਤੇ ਨਿਰਪੱਖ ਪਹੁੰਚ ਪ੍ਰਦਾਨ ਕਰਦੀ ਹੈ। VTA ਇੱਕ ਪੱਤਰ-ਵਿਹਾਰ ਸੂਚੀ ਬਣਾਕੇ ਰੱਖਦੀ ਹੈ ਜਿਸਦੀ ਵਰਤੋਂ ਉਹਨਾਂ ਸੰਸਥਾਵਾਂ ਨੂੰ ਤਜਵੀਜ਼ ਕੀਤੇ ਪ੍ਰੋਗਰਾਮਾਂ ਜਾਂ ਆਵਾਜਾਈ ਸੇਵਾਵਾਂ ਵਿੱਚ ਤਬਦੀਲੀਆਂ ਬਾਰੇ ਸੂਚਿਤ ਕਰਨ ਲਈ ਕੀਤੀ ਜਾਂਦੀ ਹੈ ਜੋ ਅਪੰਗ ਲੋਕਾਂ, ਘੱਟ-ਗਿਣਤੀ ਲੋਕਾਂ, ਘੱਟ ਆਮਦਨ ਵਾਲੇ ਜਾਂ ਅੰਗਰੇਜ਼ੀ ਵਿੱਚ ਘੱਟ ਪ੍ਰਵੀਨਤਾ ਵਾਲੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ। VTA ਸੰਸਥਾਵਾਂ ਜਾਂ ਵਿਅਕਤੀ ਵਿਸ਼ੇਸ਼ਾਂ ਨੂੰ ਆਪਣੀ ਮਰਜ਼ੀ ਨਾਲ ਆਪਣੀ ਸੰਪਰਕ ਜਾਣਕਾਰੀ ਪੱਤਰ-ਵਿਹਾਰ ਸੂਚੀ 'ਤੇ ਦਾਖਲ ਕਰਨ ਲਈ ਉਤਸ਼ਾਹਿਤ ਕਰਦੀ ਹੈ। ਕਿਰਪਾ ਕਰਕੇ ਆਨਲਾਈਨ ਫਾਰਮ (http://apps.vta.org/title6/) ਨੂੰ, ਅੰਗਰੇਜ਼ੀ ਵਿੱਚ ਭਰੋ ਤਾਂ ਜੋ ਇਸਨੂੰ ਪੱਤਰ-ਵਿਹਾਰ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕੇ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ VTA ਨਾਲ (408)321-2300, (408)321-2330 TTY 'ਤੇ ਸੰਪਰਕ ਕਰੋ ਜਾਂ ਫਿਰ ਈਮੇਲ ਕਰੋ: customer.service@vta.org